# ਹੋਰ ਹੁਣ ਸਹਿਣਾ ਨਹੀਂ

ਵਿਚਾਰ-ਚਰਚਾ

ਗੁਰਸ਼ਰਨ ਸਿੰਘ



15 ਮਾਰਚ ਤੋਂ 23 ਮਾਰਚ ਤੱਕ ਚੰਡੀਗੜ੍ਹ ਦੇ ਮਟਕਾ ਚੌਕ 'ਤੇ ਇੱਕ ਨਵਾਂ ਇਤਿਹਾਸ ਸਿਰਜਿਆ ਗਿਆ ਹੈ, ਜਿਸ ਨੇ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀ ਸਿਆਸਤ ਅਤੇ ਸੰਘਰਸ਼ ਦੀ ਰੂਪ-ਰੇਖਾ 'ਤੇ ਡੂੰਘਾ ਅਸਰ ਪਾਉਣਾ ਹੈ। ਬੜੇ ਲੰਮੇ ਸਮੇਂ ਤੋਂ ਬਾਅਦ ਪੰਜਾਬ ਦੇ ਮਿਹਨਤਕਸ਼ ਲੋਕਾਂ ਨੇ ਇੱਕ ਐਸੀ ਜਿੱਤ ਹਾਸਲ ਕੀਤੀ ਹੈ, ਜਿਸ ਨੇ ਉਹਨਾਂ ਵਿੱਚ ਨਵਾਂ ਵਿਸ਼ਵਾਸ ਅਤੇ ਨਵੇਂ ਹੌਸਲੇ ਪੈਦਾ ਕੀਤੇ ਹਨ।

ਚੰਡੀਗੜ੍ਹ ਦੇ ਰੱਜੇ-ਪੁੱਜੇ ਲੋਕਾਂ ਅਤੇ ਪ੍ਰੈਸ ਵਾਲਿਆਂ ਦੀ 16 ਮਾਰਚ ਨੂੰ ਇੱਕ ਟਿੱਪਣੀ ਸੀ 'ਦੇਖੋ ਉਜੱਡ ਕਿਸਾਨਾਂ ਨੇ ਖ਼ੂਬਸੂਰਤ ਰੋਜ਼ ਗਾਰਡਨ ਨੂੰ ਰੂੜੀਆਂ ਦਾ ਢੇਰ ਬਣਾ ਦਿੱਤਾ ਹੈ। ਸਾਰੀ ਥਾਂ ਗੰਦ ਪੈ ਗਿਆ ਹੈ' ਜਵਾਬ ਸੀ ਕਿ 'ਤੁਸੀਂ ਸਾਰੇ ਪੰਜਾਬ ਨੂੰ ਆਪਣੇ ਦੁਰਪ੍ਰਬੰਧ ਨਾਲ ਰੂੜੀ ਦਾ ਢੇਰ ਬਣਾਇਆ ਹੋਇਆ ਹੈ, ਜੇ ਤੁਹਾਡਾ ਫੁੱਲਾਂ ਦਾ ਬਾਗ਼ ਰੂੜੀ ਬਣ ਗਿਆ ਤਾਂ ਤਕਲੀਫ਼ ਕਿਉਂ? ਤੁਸੀਂ ਠੇਕਾ ਨਹੀਂ ਲਿਆ ਹੋਇਆ ਕਿ ਖ਼ੁਸ਼ਬੂਆਂ ਸਾਰੀਆਂ ਤੁਸੀਂ ਲਵੋ ਤੇ ਬਦਬੂਆਂ ਸਾਡੇ ਹਿੱਸੇ ਦੀਆਂ ਬਣਾ ਦੇਵੋ'। ਇਹ ਟਿੱਪਣੀ ਤੇ ਇਹਦਾ ਜਵਾਬ ਪ੍ਰਤੀਕਾਤਮਕ ਤੌਰ 'ਤੇ ਪੰਜਾਬ ਦੀ ਹਾਲਤ ਨੂੰ ਪਰਗਟ ਕਰਦੀ ਹੈ। ਚੰਡੀਗੜ੍ਹ ਦੇ ਹਾਕਮਾਂ ਨੂੰ ਕਦੀ ਅਹਿਸਾਸ ਨਹੀਂ ਹੋਇਆ ਕਿ ਸਧਾਰਨ ਗ਼ਰੀਬ ਲੋਕ ਵੀ ਆਧੁਨਿਕ ਸਹੂਲਤਾਂ ਦੇ ਹੱਕਦਾਰ ਹਨ।

ਕਿਸਾਨਾਂ ਲਈ ਜੋ ਸੰਕਟ ਪੈਦਾ ਹੋਇਆ ਹੈ, ਉਹ ਮੰਡੀ ਦੇ ਸੰਕਟ ਵਿੱਚ ਫਸੇ ਹਨ ਤਾਂ ਇਹਦਾ ਕਸੂਰ ਕਿਸਦਾ ਹੈ? ਇਹ ਸਾਰਾ ਕਸੂਰ ਪ੍ਰਬੰਧਕੀ ਦਾ ਹੈ। ਹਰੇ ਇਨਕਲਾਬ ਨੇ ਮੰਡੀ ਦਾ ਕਿਹੋ ਜਿਹਾ ਸੰਕਟ ਪੈਦਾ ਕਰਨਾ ਹੈ, ਇਹਦੇ ਬਾਰੇ ਇਕੱਲਾ ਦੁਕੱਲਾ ਕਿਸ ਤਰ੍ਹਾਂ ਅਨੁਮਾਨ ਲਗਾ ਸਕਦਾ ਸੀ? ਉਹਦੇ ਕੋਲ ਤਾਂ ਭਵਿੱਖ ਦੇਖਣ ਲਈ ਕੋਈ ਸਾਧਨ ਨਹੀਂ, ਕੋਈ ਜਾਣਕਾਰੀ ਨਹੀਂ। ਇਹ ਪੰਜਾਬ ਦੀ ਖੇਤੀਬਾੜੀ ਯੂਨੀਵਰਸਿਟੀ ਦੀ ਜਾਂ ਖੇਤੀ ਨਾਲ ਜੁੜੀਆਂ ਏਜੰਸੀਆਂ ਦੀ ਜ਼ਿੰਮੇਵਾਰੀ ਸੀ। ਉਹਨਾਂ ਨੂੰ ਫਿਕਰ ਹੋਣਾ ਚਾਹੀਦਾ ਸੀ, ਖ਼ਬਰ ਹੋਣੀ ਚਾਹੀਦੀ ਸੀ ਤੇ ਇਹਦੇ ਬਾਰੇ ਸਹੀ ਪ੍ਰਬੰਧ ਕਰਨਾ ਚਾਹੀਦਾ ਸੀ। ਕਦੀ ਡੀਜ਼ਲ ਦਾ ਸੰਕਟ, ਕਦੀ ਖਾਦ ਦਾ ਸੰਕਟ, ਕਦੀ ਕੀੜੇਮਾਰ ਦਵਾਈ ਦਾ ਸੰਕਟ ਤੇ ਕਦੀ ਹੋਰ ਸੰਕਟ। ਇਹ ਸਾਰਾ ਕਸੂਰ ਕਿਸਦਾ ਹੈ? ਇਹ ਸਾਰਾ ਕਸੂਰ ਇਸ ਗ਼ਰੀਬ ਦੁਸ਼ਮਣ ਨਿਜ਼ਾਮ ਦਾ ਹੈ। ਕਿਸਾਨਾਂ ਨੇ ਇਸ ਨਿਜ਼ਾਮ ਨੂੰ ਚੁਣੌਤੀ ਦਿੱਤੀ ਹੈ। ਇਸ ਚੁਣੌਤੀ ਨੂੰ ਇਸ ਸਾਰੇ ਨਿਜ਼ਾਮ ਨੂੰ ਬਦਲਣ ਦੀ ਚੁਣੌਤੀ ਦੇ ਪਰਿਪੇਖ ਵਿੱਚ ਹੀ ਦੇਖਣਾ ਜ਼ਰੂਰੀ ਹੈ। ਉਹਨਾਂ ਨੇ ਇਸ ਸੰਘਰਸ਼ ਵਿੱਚ ਜੋ ਵਿਸ਼ਵਾਸ ਹਾਸਿਲ ਕੀਤਾ ਹੈ, ਉਹ ਭਵਿੱਖ ਲਈ ਇੱਕ ਅਹਿਮ ਪ੍ਰਾਪਤੀ ਹੈ। ਅਗਲਾ ਸੰਘਰਸ਼ ਓਦੋਂ ਹੋਵੇਗਾ, ਜਦੋਂ ਗ਼ਰੀਬ ਮਾਪੇ ਅਤੇ ਉਹਨਾਂ ਦੇ ਬੱਚੇ ਮਟਕਾ ਚੌਕ 'ਤੇ ਇਸ ਗੱਲ ਲਈ ਧਰਨਾ ਲਗਾਉਣਗੇ, ਜਾਂ ਤਾਂ ਸਾਨੂੰ ਪੜ੍ਹਨ ਦੀਆਂ ਬਰਾਬਰ ਦੀਆਂ ਸਹੂਲਤਾਂ ਮੁਹੱਈਆ ਕਰੋ, ਨਹੀਂ ਤਾਂ ਇਹ ਪਬਲਿਕ ਸਕੂਲ ਬੰਦ ਕਰੋ। ਜੇ ਅਸੀਂ ਨਹੀਂ ਪੜ੍ਹ ਸਕਦੇ ਤਾਂ ਤੁਹਾਨੂੰ ਵੀ ਨਹੀਂ ਪੜ੍ਹਨ ਦੇਵਾਂਗੇ। ਮਟਕਾ ਚੌਕ 'ਤੇ ਇਹ ਮੋਰਚਾ ਲੱਗਣਾ ਹੀ ਲੱਗਣਾ ਹੈ।

6 ਲੱਖ ਨੌਜਵਾਨ ਬੇਰੁਜ਼ਗਾਰ ਹਨ। ਉਹਨਾਂ ਦਾ ਮਟਕਾ ਚੌਕ 'ਤੇ ਧਰਨਾ ਹੁਣ ਸਮੇਂ ਦੀ ਲੋੜ ਹੈ। ਰੁਜ਼ਗਾਰ ਦੇਵੋ ਜਾਂ ਬੇਰੁਜ਼ਗਾਰੀ ਦਾ ਭੱਤਾ ਦੇਵੋ, ਉਹਨਾਂ ਨੇ ਸੜਕਾਂ 'ਤੇ ਆਉਣਾ ਹੀ ਆਉਣਾ ਹੈ। ਇਸ ਨਾ-ਬਰਾਬਰੀ ਵਾਲੇ ਨਿਜ਼ਾਮ ਦੇ ਵਿਰੁੱਧ ਜੰਗ ਸ਼ੁਰੂ ਹੋ ਗਿਆ ਹੈ।

ਬਹੁਤ ਚਿਰ ਹਾਂ ਚੁੱਪ ਰਹੇ
ਹੁਣ ਹੋਰ ਚੁੱਪ ਰਹਿਣਾ ਨਹੀਂ
ਬਹੁਤ ਕੁੱਝ ਹੈ ਸਹਿ ਲਿਆ
ਹੋਰ ਹੁਣ ਸਹਿਣਾ ਨਹੀਂ